Exam. Code: 0005
Sub. Code: 0402

2012

B.A./B.Sc.(General)-5th Semester

Punjabi (Compulsory)

*(For B.A. & Shastri, 5th Semester only)*

Time allowed: 3 Hours — Max. Marks: 45

**ਨੋਟ:- ਲਘੂ ਪ੍ਰਸ਼ਨਾਂ ਦੇ ਉੱਤਰ ਇੱਕ ਹੀ ਪੰਨੇ ਤੇ ਲਿਖੇ ਜਾਣ।**

-*-*-*-

1. (ੳ) ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:-

(1) ''ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ।।

(2) ''ਬਿਸਰਿ ਗਈ ਸਭ ਤਾਤਿ ਪਰਾਈ
ਜਬ ਤੇ ਸਾਧਸੰਗਤਿ ਮੋਹਿ ਪਾਈ
ਨਾ ਕੋ ਬੈਰੀ ਨਹੀ ਬਿਗਾਨਾ,
ਸਗਲ ਸੰਗਿ ਹਮ ਕਉ ਬਨਿ ਆਈ।। (5)

(ਅ) ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇਕ ਦਾ ਸਾਰ ਤੇ ਕੇਂਦਰੀ ਭਾਵ ਲਿਖੋ:-

(1) ਬੇਗਮਪੁਰਾ ਸਹਰ ਕੋ ਨਾਉ
(2) ਮੇਰੀ ਕੁੱਣ ਝੁਟ ਲਾਇਆ ਭੈਣੇ ਸਾਵਣੁ ਆਇਆ (5+5)

2. ਹੇਠ ਲਿਖੇ ਅੱਠ ਪ੍ਰਸ਼ਨਾਂ ਵਿੱਚ ਕਿਸੇ ਪੰਜ ਦੇ ਸੰਖੇਪ ਉੱਤਰ ਦਿਉ:-

(ੳ) ਮੈ ਭੀ ਕੌਰ ਰਾਂਝਣ ਦੀ ਜਾਣਾ ਦਾ ਕੇਂਦਰੀ ਭਾਵ ਲਿਖੋ।
(ਅ) ਕੋਈ ਬੋਲੈ ਰਾਮ ਰਾਮ ਸ਼ਬਦ ਵਿਚੋਂ ਸਾਨੂੰ ਕੀ ਸਿਖਿਆ ਮਿਲਦੀ ਹੈ?
(ੲ) ਹਾਹਾਨ ਮੈ ਥਾਲ ਦਾ ਕੇਂਦਰੀ ਭਾਵ ਲਿਖੋ।
(ਸ) ਚੰਡੀ ਦੀ ਵਾਰ ਦਾ ਜੰਗੀ ਵਾਤਾਵਰਨ ਕਿਹੋ ਜਿਹਾ ਸੀ?
(ਹ) ਭੂਪਤਿ ਹੋਇ ਕੈ ਰਾਜ ਕਮਾਇਆ ਸ਼ਬਦ ਵਿਚ ਕਿਹੜੇ ਸੰਸਾਰਕ ਪਦਾਰਥਾਂ ਦਾ ਜ਼ਿਕਰ ਕੀਤਾ ਗਿਆ?
(ਕ) ਚੋਆ ਚੰਦਨ ਮਰਦਨ ਅੰਗਾ ਸ਼ਬਦ ਦਾ ਵਿਸ਼ਾ ਕੀ ਹੈ?
(ਖ) ਗਰਭ ਵਾਸ ਮਹਿ ਸ਼ਬਦ ਦਾ ਕੇਂਦਰੀ ਭਾਵ ਲਿਖੋ।
(ਗ) ਨਾਗਰ ਜਨਾਂ ਮੇਰੀ ਜਾਤਿ ਸ਼ਬਦ ਵਿਚ ਗੁਰੂ ਰਵਿਦਾਸ ਆਪਣੀ ਜਾਤ, ਕਿੱਤੇ ਤੇ ਰਹਿਣ ਦੇ ਸਥਾਨ ਬਾਰੇ ਕੀ ਦਸਦੇ ਹਨ? (5×1)

***P.T.O.***

3. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉਪਰ ਪੈਰਾ ਰਚਨਾ ਕਰੋ:-
   (ੳ) ਸਾਈਬਰ ਅਪਰਾਧ
   (ਅ) ਭ੍ਰਿਸ਼ਟਾਚਾਰ
   (ੲ) ਮਾਤ ਭਾਸ਼ਾ ਦਾ ਮਹੱਤਵ
   (ਸ) ਪਿਆਰ ਵਿਆਹ (8)

4. ਪੁਰਾਤਨ ਭਾਰਤੀ ਲਿਪੀਆਂ ਬਾਰੇ ਤੁਸੀ ਕੀ ਜਾਣਦੇ ਹੋ? ਇਸ ਦੇ **ਮੁੱਖ** ਤੇ ਵਿਕਾਸ ਬਾਰੇ ਲਿਖੋ।

**ਜਾਂ**

ਲਿਪੀ ਤੋਂ ਕੀ ਭਾਵ ਹੈ? ਪੰਜਾਬੀ ਲਈ ਢੁਕਵੀ ਲਿਪੀ ਬਾਰੇ ਲਿਖੋ। (7)

5. (ੳ) ਬਣਤਰ ਦੇ ਆਧਾਰ ਤੇ ਨਾਂਵ ਵਾਕੰਸ਼ ਕਿੰਨੀ ਪ੍ਰਕਾਰ ਦੇ ਹੁੰਦੇ ਹਨ? ਉਦਾਹਰਨਾਂ ਸਹਿਤ ਦੱਸੋ।

   **ਜਾਂ**

   ਅਕਾਲਕੀ ਤੇ ਕਾਲਕੀ ਕਿਰਿਆ-ਵਾਕੰਸ਼ਾਂ ਬਾਰੇ ਦੱਸੋ। (6)

   (ਅ) ਹੇਠ ਲਿਖੇ ਵਾਕਾਂ ਬਾਰੇ ਬ੍ਰੈਕਟਾਂ ਵਿਚ ਪੁੱਛੇ ਗਏ ਪ੍ਰਸ਼ਨਾਂ ਦੇ ਜਵਾਬ ਦਿਉ:-
   (1) ਜਸਬੀਰ ਨੇ ਪਤੰਗ ਉਡਾਇਆ (ਕਰਮ ਨਾਵ-ਵਾਕੰਸ਼ ਚੁਣੋ)
   (2) ਮੈ ਰੋਟੀ ਖਾਧੀ ਹੀ ਨਹੀ (ਕਿਰਿਆ ਵਾਕੰਸ਼ ਨਿਖੇੜ ਕੇ ਲਿਖੋ)
   (3) ਜੀਤ ਗੀਤ ਗਾਉਂਦਾ ਹੈ
   (ਮੁੱਖ ਕਿਰਿਆ ਅਤੇ ਸਹਾਇਕ ਕਿਰਿਆ)
   (4) ਸਾਡੀ ਜਮਾਤ ਦੇ ਬੱਚੇ ਪੜ੍ਹ ਰਹੇ ਹਨ
   (ਨਾਉ-ਵਾਕੰਸ਼ ਦੀ ਪਛਾਨ ਕਰੋ)। (4)

-*-*-*-